# रतनो अवाज़ा मारदी

ਜੋਗੀ, ਸ਼ਾਹਤਲਾਈਆਂ ਛੱਡ ਕੇ ਆ ਗਿਆ,
ਰਤਨੋਂ ਅਵਾਜ਼ਾਂ ਮਾਰਦੀ।
ਲੱਸੀ ਰੋਟੀ, ਬਾਰਾਂ ਸਾਲ ਦੀ ਦਿਖਾ ਗਿਆ,
ਰਤਨੋਂ ਅਵਾਜ਼ਾਂ ਮਾਰਦੀ।
ਜੋਗੀ, ਸ਼ਾਹਤਲਾਈਆਂ ਛੱਡ ਕੇ,,,,,,,,,,,,,,

ਬਣਖੰਡੀ ਵਿੱਚ ਜੋਗੀ, ਗਊਆਂ ਰਿਹਾ ਚਾਰਦਾ।
ਮੁੱਖੋਂ ਸ਼ਿਵ ਭੋਲੇ ਦਾ ਸੀ, ਨਾਮ ਉਚਾਰਦਾ॥
ਲੱਖਾਂ ਸੰਗਤਾਂ ||| ਦੇ ਦੁੱਖੜੇ ਮਿਟਾ ਗਿਆ,
ਰਤਨੋਂ ਅਵਾਜ਼ਾਂ ਮਾਰਦੀ,,,
ਜੋਗੀ, ਸ਼ਾਹਤਲਾਈਆਂ ਛੱਡ ਕੇ,,,,,,,,,,,,,,

ਹੇਠ ਗਰੂਨੇ ਧੂਣਾ, ਬਾਬਾ ਜੀ ਨੇ ਲਾ ਲਿਆ।
ਗੋਰਖ ਨੇ ਆ ਕੇ ਬਾਬਾ, ਜੀ ਨੂੰ ਅਜ਼ਮਾ ਲਿਆ॥
ਬਹਿ ਕੇ ਮੋਰ ਤੇ ||| ਉੱਡਾਰੀ ਜੋਗੀ ਲਾ ਗਿਆ,
ਰਤਨੋਂ ਅਵਾਜ਼ਾਂ ਮਾਰਦੀ,,,
ਜੋਗੀ, ਸ਼ਾਹਤਲਾਈਆਂ ਛੱਡ ਕੇ,,,,,,,,,,,,,,

ਛੋਟਾ ਜੇਹਾ ਬਾਲਕ, ਸੁਨਹਿਰੀ ਜਟਾਂ ਵਾਲਾ ਏ।
ਹੱਥ ਵਿੱਚ ਚਿਮਟਾ, ਗਲ਼ ਵਿੱਚ ਮਾਲਾ ਏ॥
ਮਾਈ ਰਤਨੋਂ ਨੂੰ ||| ਦੁੱਖਾਂ ਵਿੱਚ ਪਾ ਗਿਆ,
ਰਤਨੋਂ ਅਵਾਜ਼ਾਂ ਮਾਰਦੀ,,,
ਜੋਗੀ, ਸ਼ਾਹਤਲਾਈਆਂ ਛੱਡ ਕੇ,,,,,,,,,,,,,,

ਸ਼ਿਵਾਂ ਦਾ ਭਗਤ ਮਾਤਾ, ਲੱਛਮੀ ਦਾ ਬਾਲ ਏ।
ਕੈਲਾਸ਼ ਸ਼ਸ਼ੀ ਨੂੰ ਲਾਇਆ, ਚਰਨਾਂ ਦੇ ਨਾਲ ਏ॥
ਆ ਕੇ ਗੁਫ਼ਾ 'ਚ ||| ਸਮਾਧੀਆਂ ਓਹ ਲਾ ਗਿਆ,
ਰਤਨੋ ਅਵਾਜ਼ਾਂ ਮਾਰਦੀ,,,
ਜੋਗੀ, ਸ਼ਾਹਤਲਾਈਆਂ ਛੱਡ ਕੇ,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27361/title/ratno-awaza-mardi

अपने Android मोबाइल पर BhajanGanga App डाउनलोड करें और भजनों का आनंद ले |